ੴ ਵਾਹਿਗੁਰੂ ਜੀ ਕੀ ਫਤਹਿ॥

# ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿ. ਦਫਤਰ: 1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

# ਜਨਰਲ ਇਕੱਤ੍ਰਤਾ

ਮਿਤੀ 01-03-2015 (ਐਤਵਾਰ)

ਸਮਾਂ: ਸਵੇਰੇ 10.30 ਵਜੇ

ਸਥਾਨ:

ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ,

ਸੈਕਟਰ 34, ਚੰਡੀਗੜ੍ਹ

## ਏਜੰਡਾ, ਰਿਪੋਰਟ, ਹਿਸਾਬ ਕਿਤਾਬ ਅਤੇ ਬਜਟ

ਪ੍ਰਬੰਧਕੀ ਦਫ਼ਤਰ:

**ਗੁਰਮਤਿ ਪ੍ਰਸਾਰ ਭਵਨ,**

ਛੱਜੂ ਮਾਜਰਾ ਰੋਡ, ਮੁੰਡੀ ਖਰੜ (ਜ਼ਿਲ੍ਹਾ ਮੁਹਾਲੀ)

ਫੋਨ: 0160-5009844, 94171-90438

# ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

## ਜਨਰਲ ਇਕਤ੍ਰਤਾ

ਏਜੰਡਾ ਨੰ. 1) **ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਅਤੇ ਗੁਰਮਤਿ ਪ੍ਰਸਾਰ ਸਰਵਿਸ ਟਰੱਸਟ ਦੀਆਂ ਗਤੀਵਿਧੀਆ ਦੀ ਰਿਪੋਰਟ ਮਾਰਚ 2014 ਤੋਂ ਜਨਵਰੀ 2015 ਤੱਕ**

ਗੁਰਮੁਖ ਪਿਆਰੇ ਵੀਰੋ ਤੇ ਭੈਣੋ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।

ਆਪ ਸਭ ਨੂੰ ਅੱਜ ਇਸ ਇਕਤ੍ਰਤਾ ਲਈ ਦਰਸ਼ਨ ਦੇਣ ਤੇ ਜੀ ਆਇਆਂ ਕਹਿੰਦਿਆਂ, ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੀ ਗਵਰਨਿੰਗ ਬਾਡੀ ਮਾਰਚ 2014 ਤੋਂ ਫਰਵਰੀ 2015 ਤੱਕ ਦੀਆਂ ਗਤੀਵਿਧੀਆਂ ਦੀ ਰਿਪੋਰਟ, ਹਿਸਾਬ ਕਿਤਾਬ ਅਤੇ ਸਾਲ 2015-2016 ਦੀਆਂ ਯੋਜਨਾਵਾਂ ਅਤੇ ਬਜਟ ਦਾ ਵੇਰਵਾ ਪੇਸ਼ ਕਰਨ ਵਿਚ ਖੁਸ਼ੀ ਪ੍ਰਤੀਤ ਕਰਦੀ ਹੈ।

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਚੰਡੀਗੜ੍ਹ ਦਾ ਗਠਨ ਸਤਿਗੁਰੂ ਸੱਚੇ ਪਾਤਸ਼ਾਹ ਦੀ ਓਟ ਆਸਰਾ ਲੈ ਕੇ 26-02-1997 ਨੂੰ ਹੋਇਆ। ਅਕਾਲ ਪੁਰਖ ਦੀ ਬਖਸ਼ਿਸ ਅਤੇ ਸੰਗਤਾ ਦੇ ਸਹਿਯੋਗ ਅਤੇ ਅਸੀਸਾਂ ਸਦਕਾ ਸੋਸਾਇਟੀ ਗੁਰਮਤਿ ਪ੍ਰਚਾਰ ਵਿੱਚ ਯਥਾ ਸ਼ਕਤ ਯੋਗਦਾਨ ਪਾਉਦੀ ਆ ਰਹੀ ਹੈ।

ਸੋਸਾਇਟੀ ਦੇ ਨਿਯਮਾਂ (ਬਾਈ ਲਾਅਜ਼) ਮੁਤਾਬਕ ਸ. ਡੀ.ਪੀ. ਸਿੰਘ ਨੂੰ ਮਿਤੀ 23-02-2014 ਦੀ ਹੋਈ ਜਨਰਲ ਇਕਤ੍ਰਤਾ ਵਿਚ ਸਰਬ ਸੰਮਤੀ ਨਾਲ ਸੋਸਾਇਟੀ ਦੇ ਮੁੱਖ ਸੇਵਾਦਾਰ ਦੀ ਸੇਵਾ ਸੌਂਪੀ ਗਈ । ਸ. ਡੀ.ਪੀ. ਸਿੰਘ ਨੇ ਮੁੱਖ ਸੇਵਾਦਾਰ ਵਜੋਂ ਸੇਵਾ ਸੰਭਾਲ ਕੇ ਸੋਸਾਇਟੀ ਦੇ ਨਿਯਮਾਂ ਅਨੁਸਾਰ ਸੋਸਾਇਟੀ ਦੀ ਗਵਰਨਿੰਗ ਬਾਡੀ ਦਾ ਨਵੇਂ ਸਿਰਿਓਂ ਗਠਨ ਕੀਤਾ ਜਿਸ ਵਿਚ ਸ. ਗੁਰਦੀਪ ਸਿੰਘ ਨੂੰ ਮੀਤ ਪ੍ਰਧਾਨ, ਸ: ਨਰਿੰਦਰ ਬੀਰ ਸਿੰਘ ਨੂੰ ਜਨਰਲ ਸੱਕਤਰ ਅਤੇ ਡਾ.ਐਸ.ਐਸ.ਵਾਲੀਆ ਨੂੰ ਖਜਾਨਚੀ ਦੀ ਸੇਵਾ ਸੌਂਪੀ ਗਈ। ਨਵ ਗਠਿਤ ਗਵਰਨਿੰਗ ਬਾਡੀ ਨੇ ਸਮੂੰਹ ਮੈਂਬਰਾਂ ਦੇ ਸਹਿਯੋਗ ਨਾਲ ਸੋਸਾਇਟੀ ਨੂੰ ਸੁਚੱਜੇ ਢੰਗ ਨਾਲ ਅਗੇ ਲੈ ਜਾਣ ਲਈ ਕਾਰਜ ਅਰੰਭਿਆ।

**ਇਕਤ੍ਰਤਾਵਾਂ:-** ਗਵਰਨਿੰਗ ਬਾਡੀ ਦੀਆਂ ਮਾਰਚ 2014 ਤੋਂ ਫਰਵਰੀ 2015 ਤੱਕ 5 ਇਕਤ੍ਰਤਾਵਾਂ ਹੋਈਆਂ । ਗਵਰਨਿੰਗ ਬਾਡੀ ਆਪਣੀ ਹਰ ਇਕਤ੍ਰਤਾ ਵਿਚ ਇਕ ਜਾਂ ਇਸ ਤੋਂ ਵੱਧ ਮਹੀਨਿਆਂ ਦੇ ਆਮਦਨ ਖਰਚ ਨੂੰ ਘੋਖਣ ਤੋਂ ਇਲਾਵਾ ਸੇਵਾਦਾਰਾਂ ਨੂੰ ਸੋਸਾਇਟੀ ਦੀ ਵੱਖ ਵੱਖ ਗਤੀਵਿਧੀਆਂ ਨੂੰ ਸੁਚੱਜੇ ਢੰਗ ਨਾਲ ਨਿਭਾਉਣ ਲਈ ਦਿਸ਼ਾ ਨਿਰਦੇਸ਼ ਦਿੰਦੀ ਹੈ।

**ਗੁਰਮਤਿ ਪ੍ਰਸਾਰ ਸੇਵਕਾਂ ਦੁਆਰਾ ਸੇਵਾ:-** ਇਸ ਸਮੇਂ ਗੁਰਮਤਿ ਪ੍ਰਸਾਰ ਸਰਵਿਸ ਟ੍ਰਸਟ ਅਧੀਨ ਕੇਵਲ ਇੱਕ ਹੀ ਸੇਵਕ ਭਾਈ ਹਰਵੀਰ ਸਿੰਘ, ਗੁਰਮਤਿ ਪ੍ਰਸਾਰ ਪ੍ਰਸਿਖਿਆ ਕੇਂਦਰ, ਮੁੰਡੀ ਖਰੜ ਵਿਖੇ ਵਾਇਸ ਪ੍ਰਿੰਸੀਪਲ ਅਤੇ ਗੁਰਮਤਿ ਪ੍ਰਸਾਰ ਭਵਨ ਦੇ ਮੈਨੇਜਰ ਵਜੋਂ ਸੇਵਾ ਨਿਭਾ ਰਿਹਾ ਹੈ।

ਇਸ ਸਮੇਂ ਹੋਰ ਗੁਰਮਤਿ ਪ੍ਰਸਾਰ ਸੇਵਕ ਨਾ ਹੋਣ ਦਾ ਮੁੱਖ ਕਾਰਣ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਵਲੋਂ 2012 ਤੋਂ ਗੁਰਮਤਿ ਦੇ ਕੋਰਸ ਨਾਲ ਬੀ.ਏ ਦੀ ਪੜਾਈ ਕਰਵਾਏ ਜਾਣਾ ਹੈ ਜਿਸ ਕਾਰਣ 2012 ਤੋਂ ਬਾਅਦ ਕੋਈ ਵੀ ਗੁਰਮਤਿ ਪ੍ਰਸਾਰ ਸੇਵਕ ਤਿਆਰ ਨਹੀ ਹੋਇਆ ਹੈ ।2012 ਵਿੱਚ ਜੋ ਬੈਚ ਸ਼ੁਰੂ ਕੀਤਾ ਗਿਆ ਸੀ ਉਹ ਬੈਚ ਜੁਲਾਈ 2015 ਵਿੱਚ ਪੂਰਾ ਹੋਵੇਗਾ ਤੇ ਨਵੇ ਗੁਰਮਤਿ ਪ੍ਰਸਾਰ ਸੇਵਕ ਸੇਵਾ ਵਿੱਚ ਆਉਣਗੇ ।

**ਪ੍ਰਸਿਖਿਆ:-** ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਵਿਖੇ ਗੁਰਮਤਿ ਪ੍ਰਚਾਰਕ/ ਗੁਰਮਤਿ ਸੰਗੀਤ ਡਿਗਰੀ ਕੋਰਸ ਸੈਸ਼ਨ 2012-2015 ਅਤੇ ਸੈਸ਼ਨ 2013-2016 ਚੱਲ ਰਿਹਾ ਹੈ ਜਿਸ ਦੇ ਵਿਦਿਆਰਥੀ ਦੂਜੇ ਅਤੇ ਤੀਜੇ ਸਾਲ ਵਿੱਚ ਚਲੇ ਗਏ ਹਨ ।ਗਵਰਨਿੰਗ ਬਾਡੀ ਇਹ ਪ੍ਰਗਟ ਕਰਨ ਵਿੱਚ ਅਤਿਅੰਤ ਖੁਸ਼ੀ ਪ੍ਰਤੀਤ ਕਰ ਰਹੀ ਹੈ ਕਿ ਬੀ.ਏ ਭਾਗ ਪਹਿਲਾ ਦੇ ਪੇਪਰ 6 ਵਿਦਿਆਰਥੀਆਂ ਨੇ ਅਤੇ ਬੀ.ਏ ਭਾਗ ਦੂਜਾ ਦੇ ਪੇਪਰ 10 ਵਿਦਿਆਰਥੀਆਂ ਨੇ ਦਿੱਤੇ ਸਨ ਸਾਰੇ ਹੀ ਵਿਦਿਆਰਥੀ ਚੰਗੇ ਨੰਬਰ ਲੈ ਕੇ ਪਾਸ ਹੋਏ ਹਨ। ਰਿਜ਼ਲਟ ਸ਼ੀਟ ਹੇਠਾਂ ਦਿਤੇ ਹਨ।

## ਗੁਰਮਤਿ ਪ੍ਰਚਾਰਕ / ਗੁਰਮਤਿ ਸੰਗੀਤ ਡਿਗਰੀ ਕੋਰਸ 2012-15
## ਦੂਜੇ ਸਾਲ 2013-14 ਬੀ.ਏ.ਭਾਗ ਦੂਜੇ ਦਾ ਰਿਜ਼ਲਟ

| ਸ. ਨੰ | ਨਾਮ | ਇੰਗਲਸ਼ | ਪੰਜਾਬੀ | ਪੰਜਾਬੀ ਇਲੈਕਲੀਵ | ਰਿਲੀਜਨ | ਮਿਊਜ਼ਿਕ | ਕੁੱਲ | ਪ੍ਰਾਪਤ ਅੰਕ | ਪ੍ਰਤੀਸ਼ਤ |
|---|---|---|---|---|---|---|---|---|---|
| 1. | ਜਗਜੀਤ ਸਿੰਘ | 45 | 48 | 117 | 136 | 154 | 800 | 500 | 62.5% |
| 2. | ਜੀਵਨਜੋਤ ਸਿੰਘ | 37 | 49 | 116 | 128 | 162 | 800 | 492 | 61.5% |
| 3. | ਅਮਨਜੋਤ ਸਿੰਘ | 35 | 43 | 113 | 126 | 168 | 800 | 485 | 60.6% |
| 4. | ਰਵਿੰਦਰ ਸਿੰਘ | 35 | 46 | 127 | 141 | 130 | 800 | 479 | 59.9% |
| 5. | ਬਲਵਿੰਦਰ ਸਿੰਘ | 35 | 42 | 117 | 136 | 143 | 800 | 473 | 59.1% |
| 6. | ਪਵਨਦੀਪ ਸਿੰਘ | 47 | 44 | 97 | 120 | 161 | 800 | 469 | 58.6% |
| 7. | ਰਣਜੀਤ ਸਿੰਘ | 37 | 40 | 120 | 112 | 134 | 800 | 443 | 55.4% |
| 8. | ਜੈਮਲ ਸਿੰਘ | 36 | 38 | 122 | 106 | 137 | 800 | 439 | 54.9% |
| 9. | ਕੁਲਦੀਪ ਸਿੰਘ | 35 | 40 | 98 | 118 | 140 | 800 | 431 | 53.9% |
| 10. | ਨਵਦੀਪ ਸਿੰਘ | 10 | 42 | 120 | 128 | 147 | 800 | 437 | 54.6% |

## ਗੁਰਮਤਿ ਪ੍ਰਚਾਰਕ / ਗੁਰਮਤਿ ਸੰਗੀਤ ਡਿਗਰੀ ਕੋਰਸ 2013-16
## ਪਹਿਲੇ ਸਾਲ 2013-14 ਬੀ.ਏ.ਭਾਗ ਪਹਿਲੇ ਦਾ ਰਿਜ਼ਲਟ

| ਸ. ਨੰ | ਨਾਮ | ਇੰਗਲਸ਼ | ਪੰਜਾਬੀ | ਪੰਜਾਬੀ ਇਲੈਕਲੀਵ | ਰਿਲੀਜਨ | ਮਿਊਜ਼ਿਕ | ਕੁੱਲ | ਪ੍ਰਾਪਤ ਅੰਕ | ਪ੍ਰਤੀਸ਼ਤ |
|---|---|---|---|---|---|---|---|---|---|
| 1. | ਰਣਬੀਰ ਸਿੰਘ | 61 | 51 | 121 | 114 | 145 | 800 | 492 | 61.5% |
| 2. | ਗੁਰਸੇਵਕ ਸਿੰਘ | 36 | 46 | 124 | 121 | 113 | 800 | 440 | 55.00% |
| 3. | ਬਲਜੀਤ ਸਿੰਘ | 35 | 54 | 110 | 114 | 104 | 800 | 417 | 52.12% |
| 4. | ਸੁਖਵਿੰਦਰ ਸਿੰਘ | 35 | 46 | 102 | 109 | 120 | 800 | 412 | 51.5% |
| 5. | ਜਸਪ੍ਰੀਤ ਸਿੰਘ | 51 | 48 | 85 | 130 | 94 | 800 | 408 | 51.00% |
| 6. | ਸਿਮਰਨਜੀਤ ਸਿੰਘ | 35 | 51 | 83 | 110 | 102 | 800 | 381 | 47.6% |

## ਗੁਰਮਤਿ ਪ੍ਰਚਾਰਕ/ ਗੁਰਮਤਿ ਸੰਗੀਤ ਡਿਗਰੀ ਕੋਰਸ ਸੈਸ਼ਨ 2014-2017-:

ਮਿਤੀ 20-07-2014 ਨੂੰ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਵਿਖੇ ਗੁਰਮਤਿ ਪ੍ਰਚਾਰਕ/ ਗੁਰਮਤਿ ਸੰਗੀਤ ਡਿਗਰੀ ਕੋਰਸ ਸੈਸ਼ਨ 2014-2017 ਸ਼ੁਰੂ ਕੀਤਾ ਗਿਆ, ਜਿਸ ਵਿੱਚ 14 ਨਵੇ ਵਿਦਿਆਰਥੀ ਭਰਤੀ ਕੀਤੇ ਗਏ ਹਨ।ਇਸ ਪ੍ਰਕਾਰ ਬੀ.ਏ ਕੋਰਸ ਦੀਆਂ ਤਿੰਨ ਕਲਾਸਾ ( ਪਹਿਲਾ ਸਾਲ,ਦੂਜਾ ਸਾਲ,ਤੀਜਾ ਸਾਲ) ਚੱਲ ਰਹੀਆਂ ਹਨ ।

ਬੀ.ਏ ਦੀਆਂ ਕਲਾਸਾਂ ਲਈ ਦੋ ਇੰਗਲਿਸ਼ ਦੇ ਟੀਚਰ ਸ੍ਰੀ ਮਤੀ ਸਾਗਰੀ ਥਾਪਰ ਤੇ ਸ੍ਰੀ ਮਤੀ ਰੈਨੂੰ ਸ਼ਰਮਾ ਨਿਸ਼ਕਾਮ ਸੇਵਾ ਨਿਭਾ ਰਹੇ ਹਨ ਅਤੇ ਤੀਜੇ ਟੀਚਰ ਸ੍ਰੀ ਮਤੀ ਮਨਜੀਤ ਕੌਰ ਹਨ। ਰਿਲਿਜ਼ਨ ਭਾਈ ਹਰਵੀਰ ਸਿੰਘ , ਵਾਈਸ ਪ੍ਰਿੰਸੀਪਲ,ਅਤੇ ਗੁਰਮਤਿ ਸੰਗੀਤ ਲਈ ਪ੍ਰੋ.ਜਸਵਿੰਦਰ ਸਿੰਘ ਤੇ ਤਬਲਾ ਸਿਖਲਾਈ ਭਾਈ ਅਮਨਦੀਪ ਸਿੰਘ, ਪੰਜਾਬੀ ਲਾਜ਼ਮੀ ਤੇ ਪੰਜਾਬੀ ਇਲੈਕਟਿਵ ਸ.ਰਵਿੰਦਰ ਸਿੰਘ ਪੜ੍ਹਾ ਰਹੇ ਹਨ। ਤਿੰਨਾਂ ਗਰੁੱਪਾ ਦੀ ਪੜ੍ਹਾਈ ਸੁਚੱਜੇ ਢੰਗ ਨਾਲ ਚੱਲ ਰਹੀ ਹੈ।

ਸੋਸਾਇਟੀ ਸਮੂੰਹ ਅਧਿਆਪਕਾਂ ਦਾ ਧੰਨਵਾਦਿ ਕਰਨ ਵਿੱਚ ਖੁਸ਼ੀ ਮਹਿਸੂਸ ਕਰਦੀ ਹੈ ਅਤੇ ਆਸ ਕਰਦੀ ਹੈ ਕਿ ਉਨ੍ਹਾਂ ਦੀ ਲਗਨ ਅਤੇ ਮੇਹਨਤ ਸਦਕਾ ਇਹ ਵਿਦਿਆਰਥੀ ਚੰਗੇ ਨਤੀਜੇ ਲਿਆਣ ਵਿੱਚ ਸਫਲ ਹੋਣਗੇ ।

B.A ਦੇ ਕੋਰਸ ਵਿੱਚ ਗੁਰਮਤਿ ਸੰਗੀਤ ਦਾ ਵਿਸ਼ਾ ਵਿਸ਼ੇਸ਼ ਤੌਰ ਤੇ ਲਿਆ ਗਿਆ ਹੈ ਤਾਂ ਜੋ ਇਨ੍ਹਾਂ ਨੂੰ ਸੁਚੱਜੇ ਕੀਰਤਨੀਏ / ਪ੍ਰਚਾਰਕ ਬਣਾਇਆ ਜਾ ਸਕੇ ।

ਗੁਰਮਤਿ ਦੀਆਂ ਕਲਾਸਾ ਦੀ ਸੇਵਾ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਤੋਂ ਛੁੱਟ ਭਾਈ ਹਰਵੀਰ ਸਿੰਘ ਵਾਈਸ ਪ੍ਰਿੰਸੀਪਲ ਅਤੇ ਗਿਆਨੀ ਜਸਵਿੰਦਰ ਸਿੰਘ ਨਿਭਾ ਰਹੇ ਹਨ । (ਗਿਆਨੀ ਜਸਵਿੰਦਰ ਸਿੰਘ ਸੋਸਾਇਟੀ ਤੋਂ ਟ੍ਰੇਨਿੰਗ ਲੈ ਕੇ ਪਹਿਲਾ ਤਿੰਨ ਸਾਲ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਿਖੇ ਤੇ ਹੁਣ ਗੁਰਦੁਆਰਾ ਸਾਚਾ ਧੰਨ ਸਾਹਿਬ, ਮੋਹਾਲੀ ਵਿਖੇ ਹੈਡ ਗ੍ਰੰਥੀ ਵਜੋਂ ਸੇਵਾ ਨਿਭਾ ਰਹੇ ਹਨ)

## ਨਵੇਂ ਬੈਂਚ ਦੀ ਭਰਤੀ ਦੀ ਤਿਆਰੀ :-

ਗੁਰਮਤਿ ਪ੍ਰਚਾਰਕ/ ਗੁਰਮਤਿ ਸੰਗੀਤ ਡਿਗਰੀ ਕੋਰਸ ਸੈਸ਼ਨ 2015-2018 ਦੇ ਨਵੇ ਬੈਚ ਵਿਚ 10-15 ਤੱਕ ਵਿਦਿਅਰਾਰਥੀਆਂ ਦੀ ਭਰਤੀ ਕਰਨ ਦਾ ਵਿਚਾਰ ਹੈ ।

ਇਸ ਸਮੇਂ 30 ਵਿਦਿਆਰਥੀ ਵਿਦਿਆ ਪ੍ਰਾਪਤ ਕਰ ਰਹੇ ਹਨ । ।ਇਹਨਾ ਵਿਦਿਆਰਥੀਆਂ ਦੀ B.A ਦੀ ਪੜਾਈ ਲਈ ਯੂਨੀਵਰਸਿਟੀ ਦੀ ਦਾਖਲਾ ਫ਼ੀਸ ਅਤੇ ਕਿਤਾਬਾ ਤੇ ਤਕਰੀਬਨ 15,000/- ਰੁਪੈ ਪ੍ਰਤੀ ਵਿਦਿਆਰਥੀ ਸਲਾਨਾ ਖਰਚਾ ਅਨੁਮਾਨਿਤ ਹੈ।ਇਸ ਤੋਂ ਇਲਾਵਾ ਇਨ੍ਹਾਂ ਦੇ ਨਿਤਾ ਪ੍ਰਤੀ ਦੇ ਲੰਗਰ ਰਿਹਾਇਸ਼,ਕਿਤਾਬਾ ਅਤੇ ਟਿਊਸ਼ਨ ਆਦਿ ਤੇ ਤਕਰੀਬਨ 4,000/ ਪ੍ਰਤੀ ਮਹੀਨਾ ਖਰਚੇ ਦਾ ਅਨੁਮਾਨ ਹੈ।ਆਪ ਜੀ ਦੇ ਸਹਿਯੋਗ ਦੀ ਪੂਰਨ ਆਸ ਕਰਦੇ ਹਾ ਤਾ ਜੋ ਇਸ ਪ੍ਰਾਜੈਕਟ ਨੂੰ ਸਫਲਤਾ ਸਹਿਤ ਚਲਾਇਆ ਜਾ ਸਕੇ ।

## ਗੁਰਮਤਿ ਸਮਾਗਮ:-

**ਇਸਤਰੀ ਸਤਿਸੰਗ ਸਭਾ ਗੁਰਮਤਿ ਪ੍ਰਸਾਰ ਭਵਨ** :- ਗੁਰਮਤਿ ਪ੍ਰਸਾਰ ਭਵਨ ਵਿਖੇ ਗੁਰਦੁਆਰਾ ਸਾਹਿਬ ਵਿੱਚ ਹਰ ਬੁੱਧਵਾਰ ਸਵੇਰੇ 10.00 ਵਜੇ ਤੋਂ 12.30 ਵਜੇ ਤੱਕ ਇਸਤਰੀ ਸਤਿਸੰਗ ਸਭਾ ਵਲੋਂ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਸੰਗਤੀ ਰੂਪ ਵਿਚ ਹੁੰਦਾ ਹੈ ਅਤੇ ਪਾਠ ਉਪਰੰਤ ਭੈਣਾਂ ਕੀਰਤਨ ਵੀ ਕਰਦੀਆਂ ਹਨ ।

**ਨਾਨਕਸ਼ਾਹੀ ਕੈਲੰਡਰ ਅਨੁਸਾਰ ਹਰ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ** :- ਨਾਨਕਸ਼ਾਹੀ ਕੈਲੰਡਰ ਅਨੁਸਾਰ ਹਰ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਸ਼ਾਮ ਸੋਦਰੁ

ਰਹਿਰਾਸ ਦੇ ਪਾਠ ਨਾਲ ਆਰੰਭ ਹੁੰਦਾ ਹੈ ਅਤੇ ਗੁਰਬਾਣੀ ਕੀਰਤਨ ਅਤੇ ਬਾਰਾਮਾਹ ਮਾਝ ਚੋਂ ਮਹੀਨੇ ਦੀ ਕਥਾ ਕੀਤੀ ਜਾਂਦੀ ਹੈ। ਹਰ ਮਹੀਨੇ ਅਖੰਡ ਪਾਠ ਸਾਹਿਬ ਆਰੰਭ ਕਰਕੇ ਇਸ ਦਿਨ ਉਸਦਾ ਭੋਗ ਅੰਮ੍ਰਿਤ ਵੇਲੇ ਪਾਇਆ ਜਾਂਦਾ ਹੈ।

**ਵਿਸ਼ੇਸ਼ ਸਮਾਗਮ:-**

1. **ਸ਼ਹੀਦੀ ਸਮਾਗਮ** :- ਨਨਕਾਣਾ ਸਾਹਿਬ ਅਤੇ ਜੈਤੋਂ ਦੇ ਸ਼ਹੀਦਾਂ ਨੂੰ ਸਮਰਪਿਤ ਗੁਰਮਤਿ ਸਮਾਗਮ ਮਿਤੀ 21-02-2014 (ਸ਼ੁੱਕਰਵਾਰ) ਨੂੰ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ ਜਿਸ ਵਿੱਚ ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਤੋਂ ਇਲਾਵਾ ਸ.ਬਲਵਿੰਦਰ ਸਿੰਘ 'ਸਾਗਰ' ਪੰਜਾਬ ਐਂਡ ਸਿੰਧ ਬੈਂਕ ਵਾਲਿਆ ਨੇ ਨਿਭਾਈ ਤੇ ਕਥਾ ਦੀ ਸੇਵਾ ਗਿਆਨੀ ਜਸਵਿੰਦਰ ਸਿੰਘ ਜੀ 'ਹੈਡ ਗ੍ਰੰਥੀ'ਗੁਰਦੁਆਰਾ ਸਾਚਾ ਧੰਨ,ਮੋਹਾਲੀ ਨੇ ਨਿਭਾਈ।ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

2. **ਖਾਲਸਾ ਸਾਜਨਾ ਦਿਵਸ** :- ਖਾਲਸਾ ਸਾਜਨਾ ਦਿਵਸ ਮਨਾਉਦੇ ਹੋਏ ਮਿਤੀ 12-04-2014 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਕੀਤੀ ਗਈ ।ਮਿਤੀ 14-04-2014 ਨੂੰ ਸਵੇਰ ਸਮੇਂ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਇਲਾਹੀ ਬਾਣੀ ਦਾ ਕੀਰਤਨ ਹੋਇਆ ।

ਮਿਤੀ 14-04-2014 ਦਿਨ ਸੋਮਵਾਰ ਸ਼ਾਮ ਨੂੰ 6.30 ਤੋਂ 8.30 ਵਜੇ ਤੱਕ 'ਖ਼ਾਲਸਾ ਅਕਾਲ ਪੁਰਖ ਕੀ ਫੌਜ'' ਤੇ 'ਵੈਸਾਖਿ ਧੀਰਨ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹ॥'' ਦੇ ਵਿਸ਼ਿਆਂ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ। ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਨਿਭਾਈ ਤੇ ਕਥਾ ਦੀ ਸੇਵਾ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ, ਅਤੇ ਭਾਈ ਹਰਵੀਰ ਸਿੰਘ ਵਾਇਸ ਪਿੰਸੀਪਲ ਨੇ ਨਿਭਾਈ ।ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

3. **ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸਮਾਗਮ** :- ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਮਨਾਉਦੇ ਹੋਏ ਇਸਤਰੀ ਸਤਿਸੰਗ ਸਭਾ ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ ਵਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਲੜੀ ਮਿਤੀ 23-04-2014 (ਬੁੱਧਵਾਰ) ਤੋਂ ਅਰੰਭ ਕੀਤੀ ਗਈ ।ਜਿਸ ਦੀ ਸਮਾਪਤੀ 01-06-2013 (ਐਤਵਾਰ) ਸ੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ ਵਾਲੇ ਦਿਨ ਕੀਤੀ ਗਈ ।ਅੰਮ੍ਰਿਤ ਵੇਲੇ ਤੋਂ 11.00 ਵਜੇ ਤੱਕ ਗੁਰਮਤਿ ਸਮਾਗਮ ਹੋਏ ਜਿਸ ਵਿੱਚ ਕੀਰਤਨ, ਕਥਾ ਰਾਹੀਂ ਸੰਗਤਾਂ ਦੀ ਸੇਵਾ ਕੀਤੀ ਗਈ । ਸਮਾਪਤੀ ਉਪ੍ਰੰਤ ਗੁਰੂ ਕੇ ਲੰਗਰ ਤੇ ਠੰਡੇ ਮਿਠੇ ਜਲ ਦੀ ਛਬੀਲ ਲਗਾਈ ਗਈ।

4. **ਸ਼ਹੀਦੀ ਸਮਾਗਮ** -ਸੰਨ 1915 ਵਿੱਚ ਡਗਸੇਈ ਜੇਲ ਵਿੱਚ 12 ਸਿੰਘਾਂ ਨੂੰ ਸ਼ਹੀਦ ਕੀਤਾ ਗਿਆ ਸੀ । ਉਹਨਾ ਸਿੰਘਾ ਦੀ ਯਾਦ ਵਿੱਚ ਗੁਰਮਤਿ ਸਮਾਗਮ ਮਿਤੀ 22-06-2014 ਨੂੰ ਹੋਏ ਜਿਸ ਵਿੱਚ ਗੁਰਮਤਿ ਪ੍ਰਸਾਰ ਟ੍ਰੇਨਿੰਗ ਇੰਨਸਟਚਿਊਟ ਦੇ ਵਿਦਿਆਰਥੀਆਂ ਨੇ ਕੀਰਤਨ ਦੀ ਸੇਵਾ ਨਿਭਾਈ ।ਇਸ ਮੌਕੇ ਇਸਤਰੀ ਸਤਿਸੰਗਿ ਸਭਾ ਸੈਕਟਰ 34 ਚੰਡੀਗੜ੍ਹ ਦੀਆਂ ਬੀਬੀਆਂ, ਗੁਰੂ ਗ੍ਰੰਥ ਸਾਹਿਬ ਸੇਵਾ ਸੋਸਾਇਟੀ ਚੰਡੀਗੜ, ਤਖਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਸਾਹਿਬ ਗਿਆਨੀ ਮੱਲ ਸਿੰਘ ਜੀ, ਤਖਤ ਸਾਹਿਬ ਦੇ ਹਜੂਰੀ ਰਾਗੀ ਤੇ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ ।

5. **ਅਖੰਡ ਕੀਰਤਨ ਸਮਾਗਮ-** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਉਤਸਵ ਸੰਬੰਧੀ :ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਉਤਸਵ ਦੇ ਸਬੰਧ ਵਿਚ ਮਿਤੀ 18-08-2014 (ਸੋਮਵਾਰ) ਨੂੰ ਸਵੇਰੇ 7.00 ਵਜੇ ਤੋਂ 12.00 ਵਜੇ ਤੱਕ ਅਖੰਡ ਕੀਰਤਨੀ ਜਥੇ ਵਲੋਂ ਕੀਰਤਨ ਕੀਤੇ ਗਏ । ਚੰਡੀਗੜ, ਮੋਹਾਲੀ,

ਅਤੇ ਖਰੜ ਦੇ ਜਥਿਆ ਨੇ ਕੀਰਤਨ ਦੀਆ ਹਾਜਰੀਆਂ ਭਰ ਕੇ ਸੰਗਤਾਂ ਨੂੰ ਗੁਰੂ ਨਾਲ ਜੋੜਿਆ। ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤੇ।

6. **ਜੀਵਨ ਜੁਗਤਿ ਸਮਾਗਮ ਸ੍ਰੀ ਅੰਮ੍ਰਿਤਸਰ ਸਾਹਿਬ** :- ਹਰ ਸਾਲ ਸ਼ਬਦ ਕੀਰਤਨ ਨਾਮ-ਸਿਮਰਨ ਸਤਿਸੰਗ, ਸ੍ਰੀ ਅੰਮ੍ਰਿਤਸਰ ਵਲੋਂ ਮੈਨੇਜੋਰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਸਹਿਯੋਗ ਨਾਲ ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਜੀਵਨ- ਜੁਗਤਿ ਸਮਾਗਮਾਂ ਦੀ ਲੜੀ ਆਯੋਜਿਤ ਕੀਤੀ ਜਾਂਦੀ ਹੈ । ਇਹ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦਾ ਸੁਭਾਗ ਹੈ ਕਿ ਇਹ ਲੜੀ ਵਾਰ ਸਮਾਗਮ - ਅੰਮ੍ਰਿਤਸਰ ਸਾਹਿਬ ਵਿਖੇ ਸੋਸਾਇਟੀ ਦੀ ਪ੍ਰੇਰਨਾ ਨਾਲ ਅਰੰਭ ਹੋਏ ਸੀ ਅਤੇ ਇਸ ਸਮੇਂ ਇਨ੍ਹਾਂ ਸਮਾਗਮਾਂ ਦੀ ਧੂਮ ਦੇਸ਼ ਵਿਦੇਸ਼ ਵਿਚ ਹੈ । ਪੰਥ ਦੇ ਸਾਰੇ ਹੀ ਨਾਮੀ ਕੀਰਤਨੀਏ, ਪ੍ਰਚਾਰਕ, ਸਿੰਘ ਸਾਹਿਬਾਨ, ਜਥੇਦਾਰ ਅਕਾਲ ਤਖਤ ਸਾਹਿਬ ਇਨ੍ਹਾਂ ਸਮਾਗਮਾਂ ਵਿਚ ਹਾਜਰੀਆਂ ਭਰਦੇ ਹਨ ।

ਇਹ ਵੀ ਸੋਸਾਇਟੀ ਲਈ ਮਾਣ ਦੀ ਗਲ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਸੋਸਾਇਟੀ ਦੇ ਸੇਵਾਦਾਰ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਨੂੰ ਵੀ ਹਾਜਰੀ ਭਰਨ ਲਈ ਵਿਸ਼ੇਸ਼ ਤੌਰ ਤੇ ਅਵਸਰ ਦਿੱਤਾ ਜਾਂਦਾ ਹੈ ਅਤੇ ਪ੍ਰਬੰਧਕ ਸੋਸਾਇਟੀ ਦੇ ਕਾਰਜਾਂ ਦੀ ਜਾਣਕਾਰੀ ਸੰਗਤਾਂ ਤੱਕ ਪਹੁੰਚਾਂਦੇ ਹਨ ।

ਇਸ ਸਾਲ 30 ਅਗਸਤ 2014 ਨੂੰ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ , ਅੰਮ੍ਰਿਤਸਰ ਵਿਖੇ ਅੰਤਿਮ ਸਮਾਗਮ ਵਿਚ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਨੇ ਹਾਜਰੀ ਭਰੀ ਅਤੇ ਜੀਵਨ-ਜੁਗਤਿ ਸੁਖਮਨੀ ਸਾਹਿਬ ਵਿਚੋਂ ਵਿਸ਼ੇ ਤੇ ਸੰਗਤਾਂ ਨਾਲ ਸਾਂਝ ਪਾਈ । ਪ੍ਰਬੰਧਕਾਂ ਵਲੋਂ ਉਨ੍ਹਾਂ ਨੂੰ ਸਿਰੋਪਾ ਦੀ ਬਖਸ਼ਿਸ਼ ਕੀਤੀ ਗਈ ।

8. **ਜੀਵਨ-ਜੁਗਤਿ ਸਮਾਗਮ**:- ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਉਤਸਵ ਅਤੇ ਗੁਰਗੱਦੀ ਨਸ਼ੀਨੀ ਪੁਰਬ ਨੂੰ ਸਮਰਪਿਤ ਜੀਵਨ-ਜੁਗਤਿ ਸਮਾਗਮਾਂ ਦੀ ਲੜੀ ਮਿਤੀ 17-10-2014 ਤੋਂ 26-10-2014 ਤੱਕ ਖਰੜ, ਮੋਹਾਲੀ, ਚੰਡੀਗੜ ਦੇ ਵੱਖ-ਵੱਖ ਗੁਰਦੁਆਰਾ ਸਾਹਿਬ ਵਿੱਚ ਚਲਾਈ ਗਈ ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀਆਂ ਤੇ ਕਥਾ ਵਾਚਕਾ ਨੇ ਹਾਜ਼ਰੀਆਂ ਭਰੀਆਂ।

| ਮਿਤੀ | ਗੁਰਦੁਆਰਾ | ਵਿਸ਼ਾ |
|---|---|---|
| 17-10-2014 | ਗੁਰਮਤਿ ਪ੍ਰਸਾਰ ਭਵਨ, ਮੁੰਡੀ ਖਰੜ | ਗੁਰਸਿਖ ਮੀਤ ਚਲਹੁ ਗੁਰ ਚਾਲੀ॥ |
| 18-10-2014 | ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਸੰਨੀ ਇਨਕਲੇਵ, ਖਰੜ | ਪੀਊ ਦਾਦੇ ਕਾ ਖੋਲਿ ਡਿਠਾ ਖਜ਼ਾਨਾ ॥ |
| 19-10-2014 | ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਦਸ਼ਮੇਸ਼ ਨਗਰ ਖਰੜ | ਧੁਰ ਕੀ ਬਾਣੀ ਆਈ ਤਿਨਿ ਸਗਲੀ ਚਿੰਤ ਮਿਟਾਈ ॥ |
| 20-10-2014 | ਗੁਰਦੁਆਰਾ ਸਾਚਾ ਧੰਨ ਫੇਜ਼-3ਬੀ, ਮੋਹਾਲੀ | ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥ |
| 21-10-2014 | ਗੁਰਦੁਆਰਾ ਸਾਹਿਬ ਜੀ, ਫੇਜ਼-4, ਮੋਹਾਲੀ | ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ ॥ |
| 22-10-2014 | ਗੁ: ਸਾਹਿਬਜ਼ਾਦਾ ਅਜੀਤ ਸਿੰਘ ਜੀ ਫੇਜ਼-6, ਮੋਹਾਲੀ | ਬਿਨੁ ਸਬਦੈ ਸਭੁ ਜਗੁ ਬਉਰਾਨਾ ॥ |
| 24-10-2014 | ਗੁਰਦੁਆਰਾ ਅਸਥਾਪਨ ਕਮੇਟੀ ਸੈਕਟਰ 22, ਚੰਡੀਗੜ | ਸਤਿਗੁਰ ਸਬਦਿ ਉਜਾਰੋ ਦੀਪਾ ॥ |
| 25-10-2014 | ਗੁਰਦੁਆਰਾ ਸ੍ਰੀ ਸਿੰਘ ਸਭਾ, ਸੈਕਟਰ 46 ਚੰਡੀਗੜ | ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ |
| 26-10-2014 | ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸੈਕਟਰ 34 ਚੰਡੀਗੜ | ਸਭੇ ਸਾਝੀਵਾਲ ਸਦਾਇਨਿ ਤੂੰ ਕਿਸੇ ਨ ਦਿਸਹਿ ਬਾਹਰਾ ਜੀਉ॥ |

ਇਨ੍ਹਾ ਸਮਾਗਮਾਂ ਵਿੱਚ ਸੰਗਤਾ ਨੇ ਹੁੰਮ-ਹੁੰਮਾ ਕੇ ਹਾਜ਼ਰੀਆਂ ਭਰੀਆਂ । ਸੰਗਤਾ ਨੇ ਅਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾ ਨੇ ਸੋਸਾਇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਸੇਵਾਦਾਰਾਂ ਨੂੰ ਗੁਰੂ ਦੀ ਅਸੀਸ ਨਾਲ ਨਿਵਾਜਿਆ ।

8. **ਪ੍ਰਭਾਤ ਫੇਰੀਆਂ**:- ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਨੂੰ ਮਨਾਉਦੇ ਹੋਏ ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ ਤੋਂ ਮਿਤੀ 26-10-2014 ਨੂੰ ਪ੍ਰਭਾਤ ਫੇਰੀਆਂ ਅਰੰਭ ਕੀਤੀਆਂ ਗਈਆਂ ਸਨ ਜਿਸ ਵਿੱਚ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਤੇ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀਆਂ ਭਰੀਆਂ। ਪ੍ਰਭਾਤ ਫੇਰੀਆਂ ਦੀ ਸਮਾਪਤੀ ਮਿਤੀ 6-11-2014 ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਕੀਤੀ ਗਈ।

9. **ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ** :- ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਮਤਿ ਪ੍ਰਸਾਰ ਭਵਨ ਵਿਖੇ ਮਿਤੀ 6-11-2014 (ਵੀਰਵਾਰ) ਨੂੰ ਸਵੇਰੇ 7.30 ਵਜੇ ਤੋਂ 11.00 ਵਜੇ ਤੱਕ ਗੁਰਮਤਿ ਸਮਾਗਮ ਹੋਏ ਜਿਸ ਵਿੱਚ ਪ੍ਰਭਾਤ ਫੇਰੀਆਂ ਵਿੱਚ ਜਾਣ ਵਾਲੀ ਸਮੂਹ ਸੰਗਤ ਨੇ ਸੰਗਤੀ ਰੂਪ ਵਿੱਚ ਇਲਾਹੀ ਬਾਣੀ ਦੇ ਕੀਰਤਨ ਕੀਤੇ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ ਗੁਰਮਤਿ ਵਿਚਾਰਾ ਰਾਹੀ ਸੇਵਾ ਨਿਭਾਈ। ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

10. **ਗੱਤਕਾ ਟੀਮ** :- ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀ ਜਿਥੇ ਗੁਰਮਤਿ ਦੀ ਪੜ੍ਹਾਈ ਨਾਲ ਕੀਰਤਨ, ਕਥਾ ਤੇ ਬੀ.ਏ ਦੀ ਪੜਾਈ ਕਰਦੇ ਹਨ ਉਥੇ ਨਾਲ ਹੀ ਇਨਸਟੀਚਿਊਟ ਦੇ ਵਿਦਿਆਰਥੀਆਂ ਦੁਆਰਾ ਆਪ ਗੱਤਕਾ ਖੇਡਿਆ ਜਾਦਾ ਹੈ ਤੇ ਛੋਟੇ-ਛੋਟੇ ਬੱਚਿਆਂ ਦੀ ਇੱਕ ਟੀਮ ਵੀ ਤਿਆਰ ਕੀਤੀ ਗਈ ਹੈ।ਇਹਨਾ ਬੱਚਿਆਂ ਨੇ ਮਿਤੀ 17-10-2014 ਨੂੰ ਗੁਰਮਤਿ ਪ੍ਰਸਾਰ ਭਵਨ ਵਿਖੇ ਹੋਏ ਸਮਾਗਮ ਵਿੱਚ ਗੱਤਕੇ ਦੇ ਜੋਹਰ ਦਿਖਾਏ। ਸੰਗਤਾਂ ਨੇ ਇਸ ਉਪਰਾਲੇ ਦੀ ਬਹੁਤ ਪ੍ਰਸੰਸਾ ਕੀਤੀ।

ਮਿਤੀ 2-2-2015 ਨੂੰ ਪਿੰਡ ਮਾਨੂੰ ਪੁਰ ਜਿਲ੍ਹਾ ਫਤਹਿਗੜ ਸਾਹਿਬ ਵਿਖੇ ਭਗਤ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਵਿੱਚ ਇਹਨਾਂ ਬੱਚਿਆਂ ਨੇ ਗੱਤਕੇ ਦੇ ਜੌਹਰ ਦਿਖਾਏ ਸੰਗਤਾ ਨੇ ਬੱਚਿਆਂ ਦੀ ਬਹੁਤ ਪ੍ਰਸੰਸਾ ਕੀਤੀ।

11. **ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਸ਼ਹੀਦੀ ਸਮਾਗਮ** :-ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਸਹੀਦੀ ਦਿਹਾੜੇ ਵਾਲੇ ਦਿਨ 24-11-2014 (ਸੋਮਵਾਰ) ਨੂੰ ਸ਼ਾਮ 6.00 ਵੱਜੇ ਤੋਂ 8.30 ਵਜੇ ਤੱਕ ਗੁਰਮਤਿ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਹੋਏ ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੇ ਵਿਦਿਆਰਥੀਆਂ ਅਤੇ ਪ੍ਰਿੰਸੀਪਲ ਨਰਿੰਦਰਬੀਰ ਸਿੰਘ ਨੇ ਨਿਭਾਈ। ਗੁਰ ਇਤਿਹਾਸਕ ਵਿਚਾਰਾਂ ਭਾਈ ਹਰਵੀਰ ਸਿੰਘ ਨੇ ਸਾਝੀਆਂ ਕੀਤੀਆਂ। ਉਪ੍ਰੰਤ ਅਰਦਾਸ ਸਮਾਪਤੀ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

12. **ਛੋਟੇ ਸਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਨੂੰ ਸਮਰਪਿਤ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ** :- ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਨਗਰ ਕੀਰਤਨ ਮਿਤੀ 21-12-2014 (ਐਤਵਾਰ) ਨੂੰ ਖਰੜ ਤੋਂ ਫ਼ਤਹਿਗੜ ਸਾਹਿਬ ਤੱਕ ਕੱਢਿਆ ਗਿਆ ਤੇ ਇਸ ਸਬੰਧ ਵਿੱਚ ਖਰੜ ਦੇ ਸਾਰੇ ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਸਮਾਗਮ ਦੀ ਲੜੀ ਕਰਵਾਈ ਗਈ। ਇਸ ਲੜੀ ਵਿੱਚ ਹੀ ਮਿਤੀ 16-12-2014 ਨੂੰ ਗੁਰਦੁਆਰਾ ਸਾਹਿਬ ਗੁਰਮਤਿ ਪ੍ਰਸਾਰ ਭਵਨ ਵਿਖੇ ਗੁਰਮਤਿ ਸਮਾਗਮ ਹੋਏ ਜਿਸ ਵਿੱਚ ਭਾਈ ਹਰਪ੍ਰੀਤ ਸਿੰਘ ਖਰੜ ਨੇ ਕੀਰਤਨ ਦੀ ਸੇਵਾ ਨਿਭਾਈ ਤੇ ਗਿਆਨੀ ਜਸਵੀਰ ਸਿੰਘ ਵੇਰਕਾ, ਹੈੱਡ ਗ੍ਰੰਥੀ ਗੁਰਦੁਆਰਾ ਸਾਹਿਬ ਸੈਕਟਰ ਅੱਠ, ਚੰਡੀਗੜ ਨੇ ਕਥਾ ਦੀ ਸੇਵਾ ਨਿਭਾਈ।ਸਮਾਪਤੀ ਤੇ ਗੁਰ ਕੇ ਲੰਗਰ ਅਤੁੱਟ ਵਰਤਾਏ ਗਏ।

13. **ਚਾਰੇ ਸ਼ਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ**:- ਚਾਰੇ ਸ਼ਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਗੁਰਦੁਆਰਾ ਸਾਹਿਬ ਗੁਰਮਤਿ ਪ੍ਰਸਾਰ ਭਵਨ ਵਿਖੇ ਮਿਤੀ 26-12-2014 ਦਿਨ ਸ਼ੁੱਕਰਵਾਰ ਨੂੰ ਸ਼ਾਮ 6.00 ਵਜੇ ਤੋਂ 8.30 ਵਜੇ ਤੱਕ ਹੋਏ। ਜਿਸ ਵਿੱਚ ਭਾਈ ਪਵਨਦੀਪ ਸਿੰਘ ,ਭਾਈ ਬਲਵਿੰਦਰ ਸਿੰਘ ,ਭਾਈ ਜੀਵਨ ਜੋਤ ਸਿੰਘ ਨੇ ਕੀਰਤਨ ਦੀ ਸੇਵਾ ਨਿਭਾਈ , ਭਾਈ ਸੁਖਵਿੰਦਰ ਸਿੰਘ ਤੇ ਸਾਥੀਆਂ ਨੇ ਕਵੀਸ਼ਰੀ ਦੀ ਤੇ ਭਾਈ ਰਣਜੀਤ ਸਿੰਘ ਨੇ ਕਥਾਂ ਰਾਹੀ ਸੇਵਾ ਨਿਭਾਈ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

14. **ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ: ਪ੍ਰਭਾਤ ਫੇਰੀਆਂ**:- ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਦੀ ਅਰੰਭਤਾ ਗੁਰਦੁਆਰਾ ਸਾਹਿਬ ਗੁਰਮਤਿ ਪ੍ਰਸਾਰ ਭਵਨ ਵਿਖੇ 20-12-14 ਨੂੰ ਹੋਈ ਜਿਸ ਦੀ ਸਮਾਪਤੀ 27-12-2014 ਨੂੰ ਕੀਤੀ ਗਈ। ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਰ ਰੋਜ਼ ਹਾਜ਼ਰੀਆਂ ਭਰੀਆਂ।

ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਮਤਿ ਪ੍ਰਸਾਰ ਭਵਨ ਵਿਖੇ ਮਿਤੀ 28-12-2014(ਐਤਵਾਰ) ਨੂੰ ਸਵੇਰੇ 5.00 ਵਜੇ ਤੋਂ 10.30 ਵਜੇ ਤੱਕ ਗੁਰਮਤਿ ਸਮਾਗਮ ਹੋਏ ਜਿਸ ਵਿੱਚ ਭਾਈ ਬਲਵਿੰਦਰ ਸਿੰਘ, ਭਾਈ ਕੁਲਦੀਪ ਸਿੰਘ, ਭਾਈ ਰਵਿੰਦਰ ਸਿੰਘ ਨੇ ਇਲਾਹੀ ਬਾਣੀ ਦੇ ਕੀਰਤਨ ਕੀਤੇ ,ਭਾਈ ਜਤਿੰਦਰ ਸਿੰਘ ਨੇ ਕਵੀਸ਼ਰੀ ਦੀ ਤੇ ਭਾਈ ਜਗਜੀਤ ਸਿੰਘ ਨੇ ਗੁਰਮਤਿ ਵਿਚਾਰਾ ਰਾਹੀ ਸੇਵਾ ਨਿਭਾਈ। ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

15. **ਪਾਠ ਬੋਧ ਸਮਾਗਮ**

(ੳ) ਸ੍ਰੀ ਗੁਰੂ ਹਰਿਰਾਏ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਾਠ ਬੋਧ ਸਮਾਗਮ ਮਿਤੀ 09-02-2015 (ਸੋਮਵਾਰ) ਤੋਂ ਮਿਤੀ 15-02-2015 (ਐਤਵਾਰ) ਰੋਜ਼ਾਨਾ ਸ਼ਾਮ 7.00 ਵਜੇ ਤੋਂ 8.15 ਵਜੇ ਤੱਕ ਗੁਰਦੁਆਰਾ ਸ੍ਰੀ ਸਾਹਿਬਵਾੜਾ ਫੇਜ਼-5, ਅਜੀਤ ਸਿੰਘ ਨਗਰ ਵਿਖੇ ਕਰਵਾਇਆ ਗਿਆ। ਜਿਸ ਵਿੱਚ ਜਪੁ, ਸੋ ਦਰੁ ਰਹਿਰਾਸ ਸਾਹਿਬ ਬਾਣੀਆਂ ਦੇ ਸ਼ੁੱਧ ਉਚਾਰਣ ਤੇ ਅਰਥ ਬੋਧ ਕਰਵਾਏ ਗਏ।ਹਰ ਰੋਜ਼ 100 ਕੁ ਪ੍ਰਾਣੀ ਹਾਜ਼ਰੀ ਭਰਦੇ ਰਹੇ।ਪਾਠ ਬੋਧ ਦੀ ਸੇਵਾ ਗਿਆਨੀ ਰਣਜੀਤ ਸਿੰਘ ਜੀ ਚੰਡੀਗੜ ਵਾਲੇ, ਅਤੇ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ ਨਿਭਾਈ। ਸੰਗਤਾ ਨੇ ਇਸ ਪਾਠ ਬੋਧ ਦੀ ਬਹੁਤ ਪ੍ਰਸੰਸਾ ਕੀਤੀ ਤੇ ਮੰਗ ਕੀਤੀ ਕਿ ਇਸ ਤਰ੍ਹਾਂ ਦੇ ਸਮਾਗਮ ਬਾਰ ਬਾਰ ਕਰਵਾਏ ਜਾਣ ਤਾ ਜੋ ਗੁਰਬਾਣੀ ਨੂੰ ਸਹੀ ਢੰਗ ਨਾਲ ਸਮਝਿਆ ਜਾ ਸਕੇ।

**ਗੁਰਮਤਿ ਪ੍ਰਸਾਰ ਬੁਲਿਟਿਨ**:-

ਗੁਰਮਤਿ ਪ੍ਰਸਾਰ ਨਿਊਜ਼ ਪੱਤਰ ਜੋ ਹਰ ਮਹੀਨੇ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ, ਉਸ ਦੀ ਰੂਪ ਰੇਖਾ ਦਾ ਵਿਕਾਸ ਕੀਤਾ ਗਿਆ ਹੈ।ਉਸ ਵਿੱਚ ਇਤਿਹਾਸਕ ਲੇਖਾਂ ਤੋਂ ਛੁੱਟ ਨਿਤਾ ਪ੍ਰਤੀ ਸਿਹਤ ਦੀ ਸੇਵਾ-ਸੰਭਾਲ ਸੰਬੰਧੀ ਨੁਕਤੇ ਅਤੇ ਕੀਰਤਨ ਪ੍ਰੇਮੀਆਂ ਲਈ ਸ਼ਬਦਾਂ ਦੀਆਂ ਨੋਟੇਸ਼ਨਾਂ ਵੀ ਪ੍ਰਕਾਸ਼ਤ ਕੀਤੀਆਂ ਜਾ ਰਹੀਆਂ ਹਨ। ਇਸ ਬੁਲਿਟਿਨ ਨੂੰ ਵਧੇਰੇ ਸੁੰਦਰ ਅਤੇ ਸੂਚਨਾਤਮਕ ਬਣਾਉਣ ਲਈ ਯਤਨ ਜ਼ਾਰੀ ਹਨ। ਸਮੂੰਹ ਮੈਂਬਰਾਂ ਨੂੰ ਸਨਿਮਰ ਬੇਨਤੀ ਹੈ ਕਿ ਆਪਣੇ ਸੁਚਜੇ ਸੁਝਾਉ ਬਖਸ਼ਣ ਅਤੇ ਆਪਣੀਆਂ ਬਹੁ ਕੀਮਤੀ ਰਚਨਾਵਾਂ ਭੇਜਣ ਦੀ ਕਿਰਪਾਲਤਾ ਕਰਨ।

1. **Book-Release-ਮਾਤਾ ਗੁਜਰੀ ਕਹਿੰਦੇਂ ਮੈਨੂੰ** ਰਚਿਤ ਡਾ. ਦਰਸ਼ਨ ਜੋਤ ਕੋਰ, MBBS MD (GYNAE)

ਡਾ. ਦਰਸ਼ਨ ਕੋਰ ਜੀ ਸੋਸਾਇਟੀ ਦੇ ਵਡੇ ਸਹਿਯੋਗੀ ਅਤੇ ਅਰੰਭ ਤੋਂ ਹੀ ਸਤਕਾਰਿਤ ਮੈਂਬਰ ਹਨ ਜਿਨ੍ਹਾਂ ਨੇ ਸਮੇਂ ਸਮੇਂ ਤੇ ਕਈ ਟਰੈਕਟ ਰਚ ਕੇ ਸੋਸਾਇਟੀ ਰਾਹੀਂ ਪ੍ਰਕਾਸ਼ਿਤ ਕੀਤੇ ਜਿਨ੍ਹਾਂ ਦਾ ਸੰਗਤਾਂ ਨੇ ਭਰਵਾ ਲਾਭ ਉਠਾਇਆ।

ਹੁਣ ਆਪ ਜੀ ਨੇ ਬਚਿਆਂ ਲਈ ਇਕ ਪੁਸਤਕ "ਮਾਤਾ ਗੁਜਰੀ ਕਹਿੰਦੇ ਮੈਨੂੰ" ਰਚਨਾ ਕੀਤੀ ਹੈ ਜਿਸ ਨੂੰ ਸੋਸਾਇਟੀ ਵਲੋਂ ਬੜੇ ਸੁੰਦਰ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਪੁਸਤਕ ਨੂੰ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੀ ਜਨਰਲ ਇਕਤ੍ਰਤਾ ਵਿਚ 23-02-2014 (ਐਤਵਾਰ) ਨੂੰ ਰਲੀਜ ਕਿਤਾ ਗਿਆ। ਸੋਸਾਇਟੀ ਵਲੋਂ ਡਾ. ਦਰਸ਼ਨ ਜੋਤ ਕੋਰ ਜੀ ਨੂੰ ਸੋਰਪਾ ਅਤੇ ਮੋਮੈਨਟੋ ਨਾਲ ਸਨਮਾਨਿਤ ਕੀਤਾ ਗਿਆ।

ਸੋਸਾਇਟੀ ਡਾ. ਦਰਸ਼ਨ ਜੋਤ ਕੋਰ ਜੀ ਦਾ ਹਾਰਦਿਕ ਧੰਨਵਾਦਿ ਕਰਦੀ ਹੈ ਜੋ ਹਮੇਸ਼ਾ ਹੀ ਸੋਸਾਇਟੀ ਦੀ ਸਹਾਇਤਾ ਲਈ ਤਤਪਰ ਰਹਿੰਦੇ ਹਨ ਅਤੇ ਉਨ੍ਹਾਂ ਦੀ ਚੰਗੀ ਸਿਹਤ ਅਤੇ ਸਮੂੰਹ ਪਰਿਵਾਰ ਦੀ ਚੜਦੀ ਕਲਾ ਲਈ ਅਕਾਲ ਪੁਰਖ ਅੱਗੇ ਅਰਦਾਸ ਕਰਦੀ ਹੈ।

**ਸਮਾਜ ਭਲਾਈ ਸੇਵਾਵਾਂ** :-

**ਫਰੀਂ ਮੈਡੀਕਲ ਕੈਂਪ** :- ਮਿਤੀ 15-06-2014 ਨੂੰ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਅਤੇ ਜਨਰਲ (ਡਾ.) ਜਸਵੰਤ ਸਿੰਘ ਚੈਰੀਟੇਬਲ ਟ੍ਰਸਟ (ਰਜਿ.) ਦੇ ਉਪਰਾਲੇ ਨਾਲ ਇਕ ਫ੍ਰੀ ਮੈਡੀਕਲ ਸੇਵਾ ਕੈਂਪ ਗੁਰਮਤਿ ਪ੍ਰਸਾਰ ਭਵਨ ਛੱਜੂ ਮਾਜਰਾ ਰੋਡ, ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਗਿਆ। ਇਸ ਕੈਂਪ ਵਿਚ 211 ਪ੍ਰਾਣੀਆਂ ਨੇ ਡਾਕਟਰੀ ਸੇਵਾਵਾਂ ਦਾ ਲਾਭ ਉਠਾਇਆ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਇਸ ਕੈਂਪ ਵਿਚ ਅੱਖਾਂ ਦੀ ਬੀਮਾਰੀਆਂ ਦੇ ਚੈਕ ਅੱਪ ਦੀ ਸੇਵਾ ਡਾ. ਆਰ ਕੇ ਸ਼ਰਮਾ (MD & ENT), ਦਿਲ / ਦਿਮਾਗ ਦੇ ਮਰੀਜ਼ਾਂ ਦਾ ਚੈਕਅੱਪ ਡਾ. ਦਲਬੀਰ ਸਿੰਘ M.D FICA (USA), ikਡਨੀ ਚੈਕ ਅਪ, ਡਾ.ਈਸ਼ਵਰਦੀਪ ਸਿੰਘ ਕਵਾਤਰਾ(MBBS, DNB Gen. Medicine, DNB Nethrology), ਬੋਨ ਡੈਨਸਿਟੀ ਅਤੇ ਹੱਡੀਆਂ ਦਾ ਚੈਕ ਅਪ ਡਾ.ਏ.ਐਸ.ਭਾਟੀਆ (Orthopaedic Surgeon), ਜਨਰਲ ਚੈਕ ਅੱਪ ਦੀ ਸੇਵਾ ਡਾ. ਵੀ ਕੇ ਗੋਇਲ MBBS ਨੇ ਨਿਭਾਈ। ਰਿਆਇਤੀ ਕੀਮਤ ਤੇ ਐਨਕਾਂ ਬਣਾਉਣ ਦੀ ਸੇਵਾ ਬੀਬੀ ਸਤਨਾਮ ਕੌਰ Vahoo Optics ਮੋਹਾਲੀ ਵਾਲਿਆਂ ਨੇ ਕੀਤੀ। ਇਸ ਮੌਕੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ।

ਇਸ ਤੋਂ ਇਲਾਵਾ ਫ੍ਰੀ ਕਲਿਨੀਕਲ ਲੈਬਾਰਟੇਰੀ ਟੈਸਟ ਵੀ ਕੀਤੇ ਗਏ ਅਤੇ ਵਿਸ਼ੇਸ਼ ਪੈਕੇਜ ਬਹੁਤ ਹੀ ਰਿਆਇਤੀ ਦਰਾਂ ਤੇ ਕੀਤੇ ਗਏ ਜਿਸ ਦਾ ਲੋਕਾਂ ਨੇ ਲਾਭ ਉਠਾਇਆ।

ਬੀਬੀ ਮੋਹਿੰਦਰ ਕੌਰ, ਚੇਅਰ ਪਰਸਨ. ਜਨਰਲ (ਡਾ.) ਜਸਵੰਤ ਸਿੰਘ ਚੈਰੀਟੇਬਲ ਟ੍ਰਸਟ ਅਤੇ ਉਨ੍ਹਾਂ ਦੇ ਹੋਰ ਪਰਿਵਾਰ ਦੇ ਮੈਂਬਰ ਵਿਸ਼ੇਸ਼ ਤੌਰ ਤੇ ਕੈਂਪ ਦੌਰਾਨ ਹਾਜ਼ਰ ਰਹੇ। ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਜਨਰਲ (ਡਾ.) ਜਸਵੰਤ ਸਿੰਘ ਚੈਰੀਟੇਬਲ ਟ੍ਰਸਟ ਦੇ ਸਮੂੰਹ ਟ੍ਰਸਟੀਆਂ ਦਾ ਹਾਰਦਿਕ ਧੰਨਵਾਦ ਕਰਦੀ ਹੈ ਜਿਨ੍ਹਾਂ ਨੇ ਇਸ ਕੈਂਪ ਨੂੰ ਸਪਾਨਸਰ ਕੀਤਾ ਅਤੇ ਸੰਗਤਾਂ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ।

ਇਸ ਮੌਕੇ ਸੇਵਕਸ ਚੈਰੀਟੇਬਲ ਟ੍ਰਸਟ ਦੇ ਫਾਉਂਡਰ ਟ੍ਰਸਟੀ, ਸ.ਕੇ.ਐਸ.ਚੁੱਘ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ। ਮੈਡੀਕਲ ਸੇਵਾ ਸੈਂਟਰ ਦੀਆਂ ਸਾਰੀਆਂ ਸੇਵਾਵਾਂ Sewak's Charitable Trust Chandigarh ਦੇ ਸਹਿਯੋਗ ਨਾਲ ਚਲ ਰਹੀਆਂ ਹਨ।

ਕੈਂਪ ਦੌਰਾਨ ਸੰਗਤਾ ਦੀ ਮਿੱਠੇ ਜਲ ਦੀ ਛਬੀਲ ਨਾਲ ਸੇਵਾ ਕੀਤੀ ਗਈ।ਸੰਗਤਾਂ ਨੇ ਸੋਸਾਇਟੀ ਦੇ ਉਪਰਾਲੇ ਦੀ ਭਰਵੀਂ ਸ਼ਲਾਘਾ ਕੀਤੀ ਅਤੇ ਇਹੋ ਜਿਹੇ ਹੋਰ ਵੀ ਕੈਂਪ ਕਰਨ ਦੀ ਬੇਨਤੀ ਕੀਤੀ।

**ਡਾ.ਆਰ.ਕੇ ਸ਼ਰਮਾ ਨੂੰ ਵਿਦਾਇਗੀ ਪਾਰਟੀ** – ਡਾ. ਆਰ ਕੇ ਸ਼ਰਮਾ (MD, Eye & ENT) ਜੋ ਕਿ ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ ਵਿਖੇ ਮਾਰਚ 2012 ਤੋਂ ਜੂਨ 2014 ਤੱਕ ਹਰ ਮੰਗਲਵਾਰ ਮਰੀਜ਼ਾਂ ਦੀਆਂ ਅੱਖਾਂ ਚੈਕ ਅਪ ਕਰਨ ਦੀ ਸੇਵਾ ਨਿਸ਼ਕਾਮ ਨਿਭਾਉਂਦੇ ਰਹੇ ਸਨ ਉਹਨਾ ਦੇ ਸਮੇਂ ਮੈਡੀਕਲ ਸੈਂਟਰ ਦੀ O.P.D. ਕਾਫੀ ਜਿਆਦਾ ਵਧੀ ਇਹ ਉਹਨਾ ਦੇ ਮਿਠੇ ਸੁਭਾਅ ਅਤੇ ਕੰਮ ਪ੍ਰਤੀ ਸੱਚੀ ਲਗਨ ਸਦਕਾ ਸੀ।ਹੁਣ ਉਹਨਾਂ ਦੀਆਂ ਘਰੇਲੂ ਮਜ਼ਬੂਰੀਆਂ ਕਾਰਨ ਉਹ ਪਟਿਆਲੇ ਰਿਹਾਇਸ਼ ਕਰ ਰਹੇ ਹਨ।ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ ਉਹਨਾਂ ਨੂੰ ਨਿੱਘੀ ਵਿਦਾਇਗੀ ਦਿੱਤੀ ਗਈ।

**ਮੈਡੀਕਲ ਸੇਵਾ ਸੈਂਟਰ**:–

ਜਿਵੇਂ ਕਿ ਸਮੂੰਹ ਮੈਂਬਰ ਸਹਿਬਾਨ ਨੂੰ ਪਤਾ ਹੈ ਕਿ ਅਪ੍ਰੈਲ 2009 ਤੋਂ ਸੰਗਤਾਂ ਦੀ ਸੇਵਾ ਲਈ ਇਕ ਮੈਡੀਕਲ ਸੇਵਾ ਸੈਂਟਰ ਚਲ ਰਿਹਾ ਹੈ। ਇਸ ਸੈਂਟਰ ਵਿਚ ਅੱਖਾਂ ਤੇ E.N.T. ਦੇ ਡਾਕਟਰ, ਦਿਲ ਤੇ ਦਿਮਾਗ ਦੀਆਂ ਬੀਮਾਰੀਆਂ ਦੇ ਡਾਕਟਰ, ਜਨਰਲ ਬਿਮਾਰੀਆਂ ਦੇ ਡਾਕਟਰ, ਜਨਾਨਾ ਬੀਮਾਰੀਆਂ ਦੀ ਡਾਕਟਰ, ਦੰਦਾਂ ਦੇ ਡਾਕਟਰ, ਹੋਮਿਓਪੈਥਿਕ ਡਾਕਟਰ ਸੇਵਾਵਾਂ ਨਿਭਾ ਰਹੇ ਹਨ। ਸਾਰੇ ਮਰੀਜ਼ਾਂ ਨੂੰ ਦਵਾਈਆਂ MRP ਤੋਂ 30% ਘੱਟ ਕੀਮਤ ਤੇ ਦਿਤੀਆਂ ਜਾਦੀਆਂ ਹਨ ।ਬਜੁਰਗਾਂ ਅਤੇ ਹੋਰ ਲੋੜਵੰਦਾਂ ਨੂੰ ਵਿਸ਼ੇਸ਼ ਛੋਟ ਦਿਤੀ ਜਾਂਦੀ ਹੈ। ਇਸ ਤੋਂ ਇਲਾਵਾ ਬਿਮਾਰੀਆਂ ਸੰਬੰਧੀ ਕਲਿਨੀਕਲ ਟੈਸਟ ਲਈ ਇਕ ਲੈਬ ਚਲਾਈ ਜਾ ਰਹੀ ਹੈ ਜਿਸ ਵਿਚ ਚੈਰੀਟੇਬਲ ਆਧਾਰ ਤੇ ਟੈਸਟ ਕੀਤੇ ਜਾਂਦੇ ਹਨ। ਫਰਵਰੀ 2014 ਤੋਂ ਜਨਵਰੀ 2015 ਤੱਕ ਇਸ ਸੈਂਟਰ ਦੀਆਂ ਸੇਵਾਵਾਂ ਪ੍ਰਾਪਤ ਕਰਨ ਵਾਲਿਆਂ ਦੇ ਅੰਕੜੇ ਹੇਠ ਲਿਖੇ ਦਿਤੇ ਗਏ ਹਨ:–

**ਮੈਡੀਕਲ ਸੇਵਾ ਸੈਂਟਰ ਦੀ ਰਿਪੋਰਟ** :– Feb 2014 To Jan 2015

| Name of Dept. | General Medicine | Eyes | Cardiology | Dental | Gynae | Homeopathy | Total | Lab |
|---|---|---|---|---|---|---|---|---|
| | 3525 | 841 | 658 | 771 | 787 | 2448 | 9038 | 836 |

**ਮੈਡੀਕਲ ਸੇਵਾ ਸੈਂਟਰ ਵਿੱਚ ਸੇਵਾ ਨਿਭਾ ਰਹੇ ਡਾਕਟਰ ਸਾਹਿਬਾਨ ਦਾ ਵੇਰਵਾ ਹੇਠ ਅੰਕਿਤ ਹੈ।**

## DOCTORS ON SEWA

| | | |
|---|---|---|
| Dr. Dalbir Singh<br>MD.FICA (USA) | Cardiologist | Tuesday |
| Dr. Rana Harinder<br>MBBS, MD (Obest &Gynae) | Gynaecologist | Wednesday & Friday |
| Dr. B.S. Garg<br>MBBS, MS (Ophthalmology (PGI) | Eye Specialist<br>General Physician | Tuesday, Thursday |
| Dr. VINAY Goel MBBS | General Physician | Monday, Tuesday, |
| Dr. Devinder Garg<br>MBBS | General<br>Physician | Saturday |
| Dr. Col. V. K. Nayar<br>B.D.S/ MDHM | Dental Surgeon | Tuesday & Friday |
| Dr. S.S. Walia R.M.P | Homoeopath | Wednesday & Friday |
| Dr. Satwant Singh<br>R. M. P | Homoeopath | Monday, Tuesday,<br>Thursday & Saturday |
| Mrs. Satnam Kaur | Optician | Tuesday |

**Laboratory: - Monday to Saturday**

ਇਹ ਸਾਰੀਆਂ ਸੇਵਾਵਾਂ Sewak's Charitable Trust Chandigarh ਦੇ ਸਹਿਯੋਗ ਨਾਲ ਚਲ ਰਹੀਆਂ ਹਨ। ਸੋਸਾਇਟੀ ਸਮੂਹ ਸੰਗਤਾਂ ਅਤੇ ਸਹਿਯੋਗੀਆਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦਿ ਕਰਦੀ ਹੈ।

**ਆਮਦਨ ਖਰਚ:-**

(1) ਸੋਸਾਇਟੀ / ਟ੍ਰਸਟ ਦੀ ਆਮਦਨ-ਖਰਚ ਦਾ ਹਿਸਾਬ ਬਡੇ ਸੁਚੱਜੇ ਢੰਗ ਨਾਲ ਰਖਿਆ ਜਾ ਰਿਹਾ ਹੈ ਅਤੇ ਗਵਰਨਿੰਗ ਬਾਡੀ ਦੀ ਹਰ ਇਕਤ੍ਰਤਾ ਸਮੇ ਇਸ ਦੀ ਪ੍ਰਵਾਨਗੀ ਲਈ ਜਾਂਦੀ ਹੈ।

(2) ਸਾਲ 2013-2014 ਦਾ ਹਿਸਾਬ-ਕਿਤਾਬ ਆਡਿਟ ਕਰਵਾ ਲਿਆ ਗਿਆ ਹੈ ਅਤੇ Income Tax Return ਇਨਕਮ ਟੈਸਟ ਡਿਪਾਰਟਮੈਂਟ ਨੂੰ ਭੇਜ ਦਿੱਤੀ ਗਈ ਹੈ। ਆਡੀਟਰ ਵਲੋਂ ਹਿਸਾਬ-ਕਿਤਾਬ ਵਿਚ ਕਿਸੇ ਕਿਸਮ ਦੀ ਟਿਪਣੀ ਨਹੀਂ ਹੈ।

(3) ਇਨਕਮ ਟੈਕਸ ਦੀ ਧਾਰਾ 80G ਦੇ ਅੰਤਰਗਤ ਟੈਕਸ ਤੋਂ ਛੋਟ ਪ੍ਰਾਪਤ ਹੈ।

**ਧੰਨਵਾਦ :-** ਸੋਸਾਇਟੀ ਸਰਬ ਸ਼ਕਤੀਮਾਨ ਅਕਾਲ ਪੁਰਖ ਦਾ ਕੋਟਾਨ ਕੋਟਿ ਸ਼ੁਕਰਾਨਾ ਕਰਦੀ ਹੈ। ਸੋਸਾਇਟੀ ਸਮੂਹ ਸਾਧ ਸੰਗਤਾਂ ਅਤੇ ਸਹਿਯੋਗੀਆਂ ਦਾ, ਵੱਖ ਵੱਖ ਗੁਰਦੁਆਰਿਆਂ ਦੇ ਪ੍ਰਬੰਧਕਾਂ ਦਾ ਅਤੇ ਹੇਠ ਲਿਖੀਆ ਸੰਸਥਾਵਾਂ ਦਾ ਵਿਸ਼ੇਸ਼ ਤੌਰ ਤੇ ਹਾਰਦਿਕ ਧੰਨਵਾਦ ਕਰਦੀ ਹੈ ਜੋ ਇਸ ਮਹਾਨ ਕਾਰਜ ਦੀ ਸਫਲਤਾ ਲਈ ਭਰਵਾਂ ਸਹਿਯੋਗ ਦੇ ਰਹੇ ਹਨ।

(1) ਸੇਵਕਸ ਚੈਰੀਟੇਬਲ ਟ੍ਰਸਟ (ਰਜਿ.) SCO 1104-05 ਸੈਕਟਰ 22B, ਚੰਡੀਗੜ੍ਹ, ਜਿਨ੍ਹਾਂ ਮੈਡੀਕਲ ਸੇਵਾ ਸੈਂਟਰ ਸਥਾਪਿਤ ਕਰਨ ਲਈ ਮਸ਼ੀਨਾਂ ਦਿਤੀਆਂ ਹਨ ਅਤੇ ਨਿਜੀ ਸਹਿਯੋਗ ਪ੍ਰਦਾਨ ਕਰ ਰਹੇ ਹਨ।

(2) ਆਲ ਇੰਡੀਆ ਸਿੱਖ ਫੈਡਰੇਸਨ, ਨਵੀ ਦਿੱਲੀ ਜੋ ਲਗਾਤਾਰ ਹਰ ਮਹੀਨੇ ਮਾਲੀ ਸੇਵਾ ਕਰ ਰਹੇ ਹਨ।

(3) ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੈਕਟਰ 34 ਚੰਡੀਗੜ੍ਹ ਜੋ ਪਿਛਲੇ ਕਈ ਸਾਲਾਂ ਤੋਂ ਇਕ ਗੁਰਮਤਿ ਪ੍ਰਸਾਰ ਸੇਵਕ ਦਾ ਸੇਵਾ ਫਲ ਦੇ ਰਹੇ ਹਨ ਅਤੇ ਇਸ ਤੋਂ ਇਲਾਵਾ ਸਮੇਂ ਸਮੇਂ ਤੇ ਮਾਇਕ ਸਹਾਇਤਾ ਕਰਦੇ ਰਹਿੰਦੇ ਹਨ।

(4) ਸਬਦ ਕੀਰਤਨ ਨਾਮ ਸਿਮਰਨ ਸਤਿਸੰਗਿ, ਸ੍ਰੀ ਅੰਮ੍ਰਿਤਸਰ ।

(5) ਜਨਰਲ(ਡਾ.) ਜਸਵੰਤ ਸਿੰਘ ਚੈਰੀਟੇਬਲ ਟ੍ਰਸਟ, ਚੰਡੀਗੜ।

(6) ਗੁਰਦੁਆਰਾ ਸ੍ਰੀ ਕਲਗੀਧਰ, ਫੇਜ਼ 4, ਮੋਹਾਲੀ ,

(7) ਗੁਰਬਾਣੀ ਇਸੁ ਜਗਿ ਮਹਿ ਚਾਨਣੁ ਸੰਸਥਾ ,ਮੋਹਾਲੀ

## AGENDA ITEM NO.2 (A)

### GURMAT PARSAR SEWA SOCIETY

INCOME/EXPENDITURE-FOR THE PERIOD
APRIL 2014 TO JAN-2015

**INCOME:** Building fund

| | |
|---|---|
| Donation | 22,90,599 |
| Golak | 47,024 |
| Donation Medical | 65,549 |
| Collection Dispensary | 3,63,738 |
| Security | 1,24,500 |
| TOTAL RECIEPTS | 28,91,410 |

**EXPENDITURE**

| | |
|---|---|
| GENERAL | 10,33,966 |
| BUILDING | 1,18,067 |
| TRAINING | 10,92,969 |
| MEDICAL CENTER | 6,24,065 |
| EXPENDITURE GRAND TOTAL | 28,69,067 |
| **INCOME TOTAL** | **28,91,410** |
| **EXPENDITURE GRAND TOTAL** | **28,69,067** |
| **TOTAL DIFF.** | **22,343** |

## AGENDA ITEM NO.2 (B)

### GURMAT PARSAR SERVICE TRUST

INCOME/EXPENDITURE-FOR THE PERIOD
APRIL 2014 TO JAN-2015

**INCOME**

| | |
|---|---|
| Donation | 1,02,000 |
| TOTAL RECIEPTS | 1,02,000 |

**EXPENDITURE**

| | |
|---|---|
| SALARY & WAGES | 1,10,000 |
| SPECIAL ALLOWANCE | 15,000 |
| TOTAL | 1,25,000 |
| **INCOME TOTAL** | **1,02,000** |
| **EXPENDITURE GRAND TOTAL** | **1,25,000** |
| **TOTAL DIFF.** | **-23,000** |

## AGENDA ITEM NO. 2 (C)

### COMBINED POSITION OF INCOME/ EXPENDITURE
### APRIL 2014 TO JANUARY -2015
### TOTAL OUT OF A

| | A. SOCIETY | B. TRUST | TOTAL |
|---|---|---|---|
| INCOME | 28,91,410 | 1,02,000 | 29,93,410 |
| AVERAGE/ MONTH | 2,89,141 | 10,200 | 2,99,341 |
| EXPENDITURE | 28,69,067 | 1,25,000 | 29,94,067 |
| AVERAGE/MONTH | 2,86,906 | 12,500 | 2,94,406 |
| DIFFERENCE (+) (-) | 22,343 | -23,000 | - 657 |
| AVERAGE/ MONTH | 2,234 | -2,300 | -65 |

## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ

## ਏਜੰਡਾ ਨੰ. 4 : ਸਾਲ 2015-2016 ਵਿਚ ਕੀਤੀਆਂ ਜਾਣ ਵਾਲੀਆਂ ਸਰਗਰਮੀਆਂ ਦੀ ਯੋਜਨਾ

### (ੳ) ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ

(1) 35 ਗੁਰਮਤਿ ਪ੍ਰਸਾਰ ਸੇਵਕਾਂ ਦੀ ਟ੍ਰੇਨਿੰਗ (Batch 1 , Batch 2 & Batch3)

(2) ਗੁਰਮਤਿ ਸਮਾਗਮਾਂ ਦੀਆਂ ਲੜੀਆਂ ਦਾ ਆਯੋਜਨ

(3) ਪਾਠ ਬੋਧ ਸਮਾਗਮ ਦਾ ਆਯੋਜਨ

**ਜੀਵਨ ਜੁਗਤਿ ਸਮਾਗਮ :-**

(1) ਅਪ੍ਰੈਲ 2015 ਵਿਚ ਖਾਲਸੇ ਦੇ ਜਨਮ ਦਿਨ ਵਿਸਾਖੀ ਦੇ ਸੰਬੰਧ ਵਿਚ

(2) ਅਗਸਤ - ਸਤੰਬਰ 2015 ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਅਤੇ ਗੁਰਗੱਦੀ ਨਸ਼ੀਨੀ ਪੁਰਬ ਦੇ ਸੰਬੰਧ ਵਿਚ

(3) ਗੁਰਪੁਰਬਾਂ ਅਤੇ ਇਤਿਹਾਸਕ ਦਿਹਾੜਿਆਂ ਤੇ ਵਿਸ਼ੇਸ਼ ਸਮਾਗਮ (local)

(4) ਗੁਰਮਤਿ ਪ੍ਰਸਾਰ ਪੱਤਰ ਦਾ ਵਿਕਾਸ

(5) ਗੁਰਮਤਿ ਲਿਟਰੇਚਰ ਦੀ ਸਿਰਜਣਾ ਅਤੇ ਪ੍ਰਕਾਸ਼ਨ ਅਤੇ ਵਿਕਾਸ

(6) ਲਾਇਬ੍ਰੇਰੀ ਦਾ ਵਿਕਾਸ ਅਤੇ ਪ੍ਰਬੰਧ

### (ਭ) ਸਮਾਜਿਕ ਭਲਾਈ ਦੇ ਕੰਮਾਂ ਲਈ ਪ੍ਰੋਜੈਕਟ

(1) ਸੰਗਤਾਂ ਦੀ ਸੇਵਾ ਲਈ ਖੋਲੇ ਗਏ ਮੈਡੀਕਲ ਸੇਵਾ ਸੈਂਟਰ ਦਾ ਵਿਕਾਸ

(2) ਮੈਡੀਕਲ ਕੈਂਪ / Blood Donation Camp

(3) ਗਰੀਬ ਅਤੇ ਲੋੜਵੰਦ ਬੱਚਿਆਂ ਦੀ ਪੜਾਈ ਅਤੇ ਉੱਚ ਪਧਰੀ ਸਿਖਿਆ ਵਿਚ ਸਹਾਇਤਾ

### (ਛ) ਗੁਰਮਤਿ ਪ੍ਰਸਾਰ ਸਰਵਿਸ ਟ੍ਰਸਟ

(1) ਗੁਰਮਤਿ ਪ੍ਰਸਾਰ ਸੇਵਕਾ ਦੀ ਯੋਗ ਥਾਵਾਂ ਤੇ ਨਿਯੁਕਤੀ ਲਈ ਯੋਜਨਾ

(2) Employment Exchange ਦੀ ਸਥਾਪਨਾ

(3) ਗੁਰਮਤਿ ਅਤੇ ਕੀਰਤਨ ਸਿਖਲਾਈ ਕਲਾਸਾਂ ਦਾ ਆਯੋਜਨ

Agenda Item No. 5 (A)

# GURMAT PARSAR SEWA SOCIETY
## Budget for the year 2015-2016

| | | | |
|---|---|---|---|
| **EXPENSES** | | | |
| **(1)** | **TRAINING** | | |
| | **Training Expenses per month for 35 Gurmat Parsar Trainees** | | |
| **(A)** | **Recurring Expenses** | | |
| | -- Boarding & Lodging for 30 students @ Rs 2000/ per month | 60,000 | |
| | Expenses for 12 months for 30 students Rs. 60,000 x 12 | | 7,20,000 |
| | --Boarding & Lodging for 5 additional students @ Rs. 2000 per month | 10,000 | |
| | Expenses for 8 months for 5 students Rs. 10000 x 8 | 80,000 | 80,000 |
| | -- Lecturers/ Professors @ Rs. 10,000 x 6 | 60,000 | |
| | Expenses for 12 months for Lecturers/ Professors 60,000 x 12 | | 7,20,000 |
| | **Grand Total** | | **15,20,000** |
| **(B)** | **One Time Expenses** | | |
| | -- University Admission Fee @12,000/- per trainee for 35 students | 4,20,000 | |
| | -- Stationary & Books @Rs.2000/- per trainee for 35 students | 70,000 | 4,90,000 |
| **(c)** | **Expenditure Budget** | | |
| | -- Gurmat Parsar Service Trust | | 2,00,000 |
| | | | 22,10,000 |
| **(2)** | **News Letter/ Literature/ Samagam** | | |
| | -- News Letters @ 2500 per month | 30,000 | |
| | -- Gurmat Literature & Publications | 30,000 | |
| | -- Gurdwara Sahib/ Gurmat Smagam Exp. | 3,00,000 | 3,60,000 |
| **(3)** | **Admn. Expenses** | | |
| | -- Staff Salaries (Annexure A) | 4,86,000 | |
| | -- Advertisement for Recruitment & others | 20,000 | |
| | -- Commission on Collections | 30,000 | |
| | -- Computer Maintenance, Repair & Upgradation | 20,000 | |
| | -- Printing & Stationery | 80,000 | |
| | -- Postage | 30,000 | |
| | -- Telephone | 20,000 | |
| | -- Water, electricity & Diesel (Generator) | 2,00,000 | |
| | -- Vehicle Running & Maintenance Expenses | 1,00,000 | 9,86,000 |
| **(4)** | **Social Welfare** | | |
| | -- Medical Sewa Centre (ANNEXURE-B ) | 12,38,000 | |
| | -- Social & Economic Development of weaker section & medical camps & Adult Education | 42,000 | 12,80,000 |
| **(5)** | **Library** | | |
| | -- As per Annexure (C) | 62,000 | 62,000 |
| **Grand Total** | | | **48,98,000** |
| **Say** | | | **49,00,000** |
| **Average per month 48,00,000/ 12** | | | **4,08,333** |
| **(6)** | **Capital Expenditure** -- Construction of Additional Class Room | | 2,00,000 |
| | **-- Additional Furniture** | | |
| | ( A )Training | | 30,000 |
| | Total capital Budget | | 2,30,000 |

## GURMAT PARSAR SEWA SOCIETY (Regd.)

Budget for the year 2015-2016

**Annexure (A)**

**STAFF SALARIES**

| | | | |
|---|---|---|---|
| (1) | Manager | Rs. 15,000 | |
| (2) | Typist/ Clerk ( 2 ) | 7,000 | |
| (3) | Langri | 6,500 | |
| (4) | Sweeper | 3,000 | |
| (5) | Driver | 9,000 | |
| (6) | Total Per Month | 40,500 | |
| Expenses for the whole year 40,500 x 12 | | | 4,86,000 |

**MEDICAL SEWA CENTRE (Annexure B)**

**Honorarium to Doctors (p.m)**

| | | | |
|---|---|---|---|
| (1) | General Medicine | 40,000 | |
| (2) | Dental Wing | 15,000 | |
| (3) | Gynae | 10,000 | |
| (4) | Homeopathic & other Services | 5,000 | |
| | | 70,000 | |
| | For 12 month 70,000 x 12 | | 8,40,000 |
| (2) | Registration clerk / Accounts clerk | 4,000 | |
| | Dispenser | 4,000 | |
| | Attendant | 3,500 | |
| | | 11,500 | |
| | Total For 12 month 11,500 x 12 | | 1,38,000 |
| (3) | Medicines @ 20,000 x 12 | 2,40,000 | |
| (4) | Stationery | 20,000 | |
| Total for the year | | | 2,60,000 |
| Grand Total | | | 12,38,000 |

**Library ( Annexure C )**

| | | | |
|---|---|---|---|
| (1) | Staff 3000 p. m x 12 = | 36,000 | |
| (2) | News Paper / Magazine 500 x 12 | 6,000 | |
| (3) | Books | 20,000 | |
| | | 62,000 | 62,000 |
| | **Total For the year** | | **62,000** |

## Proposed Budget for 2015-2016

| | |
|---|---|
| Society / Trust | 48,98,000 |
| | Say 49,00,000 |
| Average / Per month | 4,08,333 |
| Average Income on the basic of last 10 month | 2,99,341 |
| Deficilt / Per month | 1,08,992 |

**Capital Expenditure**

| | |
|---|---|
| -- Construction of Additional Class Room | 2,00,000 |
| -- Additional Furniture Training | 30,000 |
| Total capital Budget | 2,30,000 |

## BUDGETED & ACTUAL EXPENDITURE 2014-2015

| | BUDGET 2014 - 2015 | EXP. UP TO JANUARY 2015 | EASTIMATED EXP FEB + MARCH | TOTAL | DIFF. | Proposed Budget For 2015 - 2016 |
|---|---|---|---|---|---|---|
| TRAINING | 15,00,000 | 12,12,425 | 2,42,485 | 14,54,910 | 45,090 | 20,10,000 |
| GURMAT PARSAR SERVICE TRUST | 2,00,000 | 1,25,017 | 25,003 | 1,50,020 | 49,980 | 2,00,000 |
| GURDAWARA SAHIB/SAMAGAM | 2,48,000 | 2,28,647 | 45,479 | 2,74,376 | -26,376 | 3,00,000 |
| ADMN. EXPENSES | 8,91,000 | 5,83,935 | 1,16,787 | 7,00,722 | 1,90,278 | 10,46,000 |
| MEDICAL SEWA CENTRE | 12,04,000 | 6,35,773 | 1,27,155 | 7,62,928 | 4,41,072 | 12,80,000 |
| LIBRARY | 65,000 | 5,006 | 1,001 | 6,007 | 58,993 | 62,000 |
| TOTAL | 41,08,000 | 27,90,803 | 5,58,161 | 33,48,964 | 7,59,036 | 48,98,000 |
| CAPITAL/BUILDING EXPENDITURE | 11,00,000 | 2,28,365 | 45,673 | 2,74,138 | 8,25,962 | 2,30,000 |

### ਏਜੰਡਾ ਨੰ. 6 - ਗੁਰਮਤਿ ਪ੍ਰਸਾਰ ਸਰਵਿਸ ਟਰੱਸਟ ਦੀ ਟਰੱਸਟ ਡੀਡ ਵਿਚ ਤਬਦੀਲੀਆਂ ਸੰਬੰਧੀ ਵਿਚਾਰ ਅਤੇ ਪ੍ਰਵਾਨਗੀ –

ਸਮਾਂ ਬੀਤਣ ਨਾਲ ਗੁਰਮਤਿ ਪ੍ਰਸਾਰ ਸੇਵਾ ਟਰੱਸਟ ਦੇ ਪੱਕੇ ਟਰੱਸਟੀਆਂ ਦੀ ਗਿਣਤੀ ਵਿਚ ਕਾਫੀ ਵਾਧਾ ਹੋਇਆ ਹੈ । ਇਸ ਵਾਧੇ ਕਾਰਨ ਟਰਸਟ ਦੀਆਂ ਕੁਝ ਮੱਦਾਂ ਵਿਚ ਸੁਧਾਈ ਦੀ ਲੋੜ ਸੀ । ਇਹ ਸੋਧਾਂ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੀ ਗਵਰਨਿੰਗ ਬਾਡੀ ਦੀ 22-07-2010 ਦੀ ਮੀਟਿੰਗ ਵਿਚ ਪਾਸ ਕੀਤੀਆਂ ਗਈਆਂ ਜੋ ਕਿ ਨਾਲ ਨੱਥੀ ਹਨ ਅਤੇ ਜਨਰਲ ਬਾਡੀ ਦੀ ਮਨਜ਼ੂਰੀ ਲਈ ਪੇਸ਼ ਕੀਤੀਆਂ ਜਾਂਦੀਆਂ ਹਨ ।

**RESOLVED THAT the following amendments in the Trust Deed are approved for recommendation to Gurmat Parsar Sewa Society (Regd.) the Settler of the Trust.**

| Existing | Proposed |
|---|---|
| 2 | 2. |
| (a) Maximum of seven Permanent Trustees. | (a) Maximum of fifteen Permanent Trustees. |
| (b) Maximum of three Nominated Trustees to be nominated by the "Settler". | (b) Maximum of four Nominated Trustees to be nominated by the "Settler" |

**Management**

4(II) That the term of the Managing Trustee shall be two years and he shall not hold any of other offices in GPSS. However, for initial term, the Managing Trustee may hold additional charge at the discretion of Governing Body of GPSS

(II) That governing body of the Settler will select maximum seven Permanent Trustees out of the nominations received among the members of the society who are not less then 21 years of age, are committed to the ideals & philosophy of Shri Guru Granth Sahib Ji, having flair and proven inclination & commitment towards aims & object of the Gurmat Parsar Sewa Society. Apart from this every Permanent trustee so selected will contribte Rupees fifty thousand (Rs. 50,000) towards corpus fund of the Trust.

(III) That number of Permanent Trustees at any given time shall not exceed seven and not be less than five.

(IV) No nominated trustee shall be nominated for more than two terms consecutively. In case the number of Permanent Trustees is less than 7 the nominated trustees will be 2 only.

**QUORUM**

The personal presence of at least 6 Trustees out of which 4 shall be Permanent Trustees shall constitute quorum for any meeting. In case the total number of Trustees is less than 10, the quorum shall be 5. The Secretary shall be responsible for proper recording and maintenance of the proceedings of all meeting as also implementation of the decision.

Personal presence of at least 2/3rd of total out of which at least 2/3rd shall be Permanent Trustees.

**Management**

4(II) That the term of the Managing Trustee shall be two years and he shall not simultaneously hold the office of President,Vice President, General Secretary or Treasurer of GPSS. He may, however, hold additional charge of other posts at the discretion of Governing Body of GPSS. He can however, be again elected after a gap of two years meaning there-by that on expiry of term of two years gap of one term is must

4(II) **Transfer of membership in case of death of Permanent Trustees.** However, the Governing Body may, in case of death of a Permanent Trustee, at its sole discretion, offer the Membership to a family member of the deceased Permanent Trustee, fulfilling the requisites to be a member of Settler and subscribe to the aims and objectives of the GPSS Society.

(II) That governing body of the Settler will select maximum fifteen Permanent Trustees out of the nominations received among the members of the society who are are not less then 21 years of age, are committed to the ideals & philosophy of Shri Guru Granth Sahib Ji, having flair and proven inclination & commitment towards aims & object of the Gurmat Parsar Sewa Society. Apart from this every Permanent Trustee so selected will contribute (Rupees fifty thousand) towards corpus fund of the Trust.

(III) That number of Permanent Trustees at any given time shall not exceed fifteen and not be less than seven.

(IV) No nominated trustee shall be nominated for more than one terms consecutively. The number of Nominated Trustees shall not exceed 4 at any time.

**QUORUM**

The quorum for meetings of the Trust will be as under:-

(i) For meetings other than amendments to the Trust Deed :-

Personal presence of at least 50% of total Trustees out of which at least 2/3rd shall be Permanent Trustees.

(ii)For meetings where Trust Deed is to be amended:-

Personal presence of at least 2/3rd of total out of which at least 2/3rd shall be Permanent Trustees.

The Secretary shall be responsible for proper recording and maintenance of the proceedings of all meetings as also implementation of the decisions.

**It was decided that a copy of this resolution be forwarded to Gurmat Parsar Sewa Society (Regd.) for appropriate action.**